# ਪ੍ਰੈਸ ਨੋਟ

ਸ਼੍ਰੀ ਸਤਿੰਦਰ ਸਿੰਘ, ਸੀਨੀਅਰ ਪੁਲੀਸ ਕਪਤਾਨ ਕਪੂਰਥਲਾ ਜੀ ਦੇ ਦਿਸ਼ਾ ਨਿਰਦੇਸ਼ ਤਹਿਤ ਸ਼੍ਰੀ ਮਨਪ੍ਰੀਤ ਸਿੰਘ ਢਿੱਲੋ, ਪੁਲਿਸ ਕਪਤਾਨ (ਤਫਤੀਸ਼) ਕਪੂਰਥਲਾ ਦੀ ਨਿਗਰਾਨੀ ਹੇਠ ਸ਼੍ਰੀ ਵਿਸ਼ਾਲਜੀਤ ਸਿੰਘ, ਉਪ ਪੁਲਿਸ ਕਪਤਾਨ (ਤਫਤੀਸ਼) ਕਪੂਰਥਲਾ ਵੱਲੋਂ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲਿਆਂ ਦੇ ਖਿਲਾਫ ਆਰੰਭੀ ਮੁਹਿੰਮ ਬਾਬਤ ਹਾਸਿਲ ਹੋਈ ਕਾਮਯਾਬੀ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੀ ਸਤਿੰਦਰ ਸਿੰਘ, ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ ਨੇ ਪ੍ਰੈਸ ਨੂੰ ਦੱਸਿਆ ਕਿ ਮਿਤੀ 14-09-19 ਨੂੰ ਇੰਸਪੈਕਟਰ ਬਲਵਿੰਦਰਪਾਲ, ਇੰਚਾਰਜ ਸੀ.ਆਈ.ਏ ਕਪੂਰਥਲਾ, ਇੰਸਪੈਕਟਰ ਹਰਮੀਕ ਸਿੰਘ ਅਤੇ ਏ.ਐਸ.ਆਈ ਪਰਮਜੀਤ ਸਿੰਘ ਸੀ.ਆਈ.ਏ ਫਗਵਾੜਾ ਨੇ ਸਮੇਤ ਪੁਲਿਸ ਪਾਰਟੀ ਦੇ ਬੱਸ ਸਟਾਪ ਡੈਣਵਿੰਡ ਤੋਂ ਥੋੜਾ ਅੱਗੇ ਚੈਕਿੰਗ ਦੌਰਾਨ ਵਕਤ ਕਰੀਬ 05:50 ਪੀ.ਐਮ ਤੇ ਇੱਕ ਔਰਤ ਜੋ ਆਟੋ ਤੋ ਉਤਰੀ ਸੀ, ਨੂੰ ਸ਼ੱਕ ਦੀ ਬਿਨ੍ਹਾ ਤੇ ਕਾਬੂ ਕੀਤਾ ਅਤੇ ਉਸ ਜਗ੍ਹਾ ਦੇ ਨਜਦੀਕ ਖੜੀ ਕਾਰ ਮਾਰੂਤੀ ਸਿਆਜ ਰੰਗ ਚਿੱਟਾ ਨੰਬਰ PB-09-AB-4970 ਜਿਸ ਵਿੱਚ ਇੱਕ ਨੌਜਵਾਨ ਬੈਠਾ ਸੀ ਜਿਸ ਨੂੰ ਪੁਲਿਸ ਪਾਰਟੀ ਵੱਲੋ ਪਛਾਨਣ ਤੇ ਉਹ ਨਿੰਦਰ ਸਿੰਘ ਉਰਫ ਨਿੰਦੂ ਪੁੱਤਰ ਚਰਨ ਸਿੰਘ ਵਾਸੀ ਲਾਟੀਆਂਵਾਲ ਥਾਣਾ ਸੁਲਤਾਨਪੁਰ ਲੋਧੀ ਮਾਲੂਮ ਹੋਇਆ ਅਤੇ ਪੁਲਿਸ ਪਾਰਟੀ ਨੂੰ ਦੇਖ ਕੇ ਨੌਜਵਾਨ ਕਾਰ ਭਜਾ ਕੇ ਲੈ ਗਿਆ, ਜਿਸ ਬਾਰੇ ਪਤਾ ਲੱਗਾ ਕਿ ਇਹ ਇਸ ਔਰਤ ਪਾਸੋ ਨਸ਼ੀਲਾ ਪਦਾਰਥ ਹਾਸਿਲ ਕਰਨ ਵਾਸਤੇ ਆਇਆ ਹੋਇਆ ਸੀ ਅਤੇ ਇਸ ਵਿਅਕਤੀ ਦੇ ਪਿਛੋਕੜ ਬਾਰੇ ਦਰਿਆਫਤ ਤੇ ਇਹ ਵੀ ਪਾਇਆ ਕਿ ਇਸਦਾ ਪਿਤਾ ਚਰਨ ਸਿੰਘ 130 ਕਿੱਲੋ ਡੋਡੇ ਚੋਰਾ ਪੋਸਤ ਸਬੰਧੀ ਦਰਜ ਹੋਏ ਮੁੱਕਦਮਾ ਵਿੱਚ ਸਾਲ 2010 ਤੋਂ 10 ਸਾਲ ਦੀ ਸਜਾ ਕੱਟ ਰਿਹਾ ਹੈ ਅਤੇ ਇਸਦਾ ਭਰਾ ਧਰਮਿੰਦਰ ਸਿੰਘ ਉਰਫ ਝਿਰਮਲ ਸਿੰਘ 260 ਗ੍ਰਾਮ ਨਸ਼ੀਲੇ ਪਦਾਰਥ ਦੀ ਬ੍ਰਾਮਦਗੀ ਵਿੱਚ ਜੇਲ੍ਹ ਵਿੱਚ ਬੰਦ ਹੈ ਅਤੇ ਇਸਦੇ ਇੱਕ ਹੋਰ ਭਰਾ ਲਖਵੀਰ ਸਿੰਘ ਦੇ ਖਿਲਾਫ ਵੀ ਨਸ਼ੀਲੇ ਪਦਾਰਥਾ ਦੇ ਵੱਖ ਵੱਖ ਥਾਂਣਿਆਂ ਵਿੱਚ ਮੁੱਕਦਮੇ ਦਰਜ ਹਨ। ਕਾਬੂ ਕੀਤੀ ਔਰਤ ਦੀ ਪੁੱਛਗਿੱਛ ਦੌਰਾਨ ਉਸਨੇ ਆਪਣਾ ਨਾਮ **ਰੈਹਮਾ (REHMA)** ਪਤਨੀ ਮਵਾਮਦੀ ਡਾਉਡੀ (MWAMEDI DAUDI) ਵਾਸੀ ਮਕਾਨ ਨੰਬਰ 105, ਰਾਜਪੁਰਾ ਛੱਤਰਪੁਰ, ਦਿੱਲੀ ਦੱਸਿਆ ਜੋ ਕਿ ਪੱਕੇ ਤੌਰ ਤੇ **ਤਨਜਾਨੀਆ ਦੇਸ਼ (ਪੂਰਵੀ ਅਫਰੀਕਾ)** ਦੀ ਰਹਿਣ ਵਾਲੀ ਹੈ ਅਤੇ ਪਿਛਲੇ ਕਾਫੀ ਸਮੇ ਤੋਂ ਆਪਣੇ ਰਿਸ਼ਤੇਦਾਰਾ ਪਾਸ ਬਿਜਨੈਸ਼ ਵੀਜੇ ਤੇ ਆਈ ਹੋਈ ਹੈ। ਇਸ ਦੇ ਫੜੇ ਹੋਏ ਬੈਗ ਦੀ ਤਲਾਸ਼ੀ ਦੌਰਾਨ ਇਸ ਪਾਸੋ 02 ਕਿੱਲੋ ਹੈਰੋਇੰਨ ਬ੍ਰਾਮਦ ਹੋਈ ਹੈ **ਜਿਸ ਦੀ ਕੀਮਤ 10 ਕਰੋੜ ਰੁਪਏ ਹੈ।** ਇਸ ਨੇ ਪੁੱਛਗਿੱਛ ਦੌਰਾਨ ਅੱਗੇ ਦੱਸਿਆ ਕਿ ਇਹ ਪਹਿਲਾ ਵੀ 05 ਵਾਰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆ ਚੁੱਕੀ ਹੈ ਅਤੇ ਹੁਣ ਛੇਵੀਂ ਵਾਰ ਕਪੂਰਥਲਾ ਵੱਲ ਹੈਰੋਇੰਨ ਦੀ ਖੇਪ ਸਪਲਾਈ ਕਰਨ ਆ ਰਹੀ ਨੂੰ ਕਾਬੂ ਕੀਤਾ ਗਿਆ ਹੈ, ਜਿਸ ਪਾਸੋ ਹੋਰ ਪੁੱਛਗਿੱਛ ਜਾਰੀ ਹੈ ਅਤੇ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਬ੍ਰਾਮਦਗੀ = 02 ਕਿੱਲੋ ਹੈਰੋਇੰਨ**


KAPURTHALA